## ਸਾਡੀ ਸਥਿਤੀ

ਅਸੀਂ ਹੇਠਾਂ ਦਿੱਤੀ ਥਾਂ ਤੇ ਸਥਿਤ ਹਾਂ:

#110, 2891 ਸਨਰਿਜ ਵੇ ਐਨ ਈ ਕੈਲਗਰੀ,
ਅਲਬੇਰਟਾ T1Y 7K7




ਪਾਰਕਿੰਗ ਬਿਲਡਿੰਗ ਦੇ ਅੱਗੇ ਉਪਲਬਧ ਹੈ।

ਬੱਸ ਦੇ ਰੂਟ: #19 ਅਤੇ #119

ਨਜ਼ਦੀਕੀ ਸੀ-ਰੇਲਗੱਡੀ ਸਟੇਸ਼ਨ: ਐਨ ਈ ਰੰਡਲ ਸਟੇਸ਼ਨ



## ਨਿਜਤਾ

ਉਸ ਨਿੱਜੀ ਸਿਹਤ ਸਬੰਧੀ ਜਾਣਕਾਰੀ ਨੂੰ, ਜੋ ਤੁਸੀਂ ਸਾਡੇ ਕਲੀਨਿਕ ਵਿੱਚ ਪ੍ਰਦਾਨ ਕਰਦੇ ਹੋ, ਹੈਲਥ ਇਨਫੌਰਮੇਸ਼ਨ ਐਕਟ ਦੇ ਪ੍ਰਾਵਧਾਨਾਂ ਦੇ ਮੁਤਾਬਕ ਇਕੱਤਰ, ਇਸ ਦਾ ਇਸਤੇਮਾਲ ਅਤੇ ਖੁਲਾਸਾ ਕੀਤਾ ਜਾਂਦਾ ਹੈ।

ਇਸ ਦੀ ਤੁਹਾਨੂੰ ਤਸ਼ਖੀਸ, ਇਲਾਜ ਅਤੇ ਸਿਹਤ ਸਬੰਧੀ ਸੇਵਾਵਾਂ ਪ੍ਰਦਾਨ ਕਰਨ ਅਤੇ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਤੁਹਾਡਾ ਪਰੋਵਿੰਸ਼ਿਯਲ ਹੈਲਥ ਪਲਾਨ ਦਾ ਬਿੱਲ ਭੇਜਣ ਲਈ ਵੀ ਵਰਤੋਂ ਕੀਤੀ ਜਾਂਦੀ ਹੈ। ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ 403-571-8640 ਤੇ ਸਾਡੇ ਨਾਲ ਸੰਪਰਕ ਕਰੋ।

Total Cardiology™
Your Heart. Your Health. For Life.

## ਕਾਰਡੀਓ-ਡਾਇਗਨੋਸਟਿਕ ਸੈਂਟਰ

(ਟ) 403 571 8640
(ਫ) 403 571 8658
totalcardiology.ca

# ਟ੍ਰੈਡਮਿਲ ਸਟ੍ਰੈਸ ਟੈਸਟ

## Treadmill Stress Test

### ਤਿਆਰੀ ਸਬੰਧੀ ਜਾਣਕਾਰੀ

ਨਿਰਧਾਰਤ ਮੁਲਾਕਾਤ:

ਮਿਤੀ: ______________________________

ਸਮਾਂ: ______________________________

ਕਿਰਪਾ ਕਰਕੇ ਆਪਣੀ ਨਿਰਧਾਰਤ ਮੁਲਾਕਾਤ ਤੋਂ ਘੱਟੋ-ਘੱਟ 1 ਦਿਨ ਪਹਿਲਾਂ ਇਸ ਕਿਤਾਬਚੀ ਨੂੰ ਚੰਗੀ ਤਰ੍ਹਾਂ ਪੜ੍ਹੋ। ਕਿਰਪਾ ਕਰਕੇ ਆਪਣੀ ਨਿਰਧਾਰਤ ਮੁਲਾਕਾਤ ਤੇ 15 ਮਿੰਟ ਪਹਿਲਾਂ ਪਹੁੰਚੋ।

ਜੇ ਤੁਹਾਨੂੰ ਪੂਰੀ ਤਰ੍ਹਾਂ ਅੰਗਰੇਜੀ ਨਹੀਂ ਆਉਂਦੀ ਹੈ, ਤਾਂ ਕਿਰਪਾ ਕਰਕੇ ਅਨੁਵਾਦ ਕਰਨ ਲਈ ਟ੍ਰਾਂਸਲੇਟਰ ਨੂੰ ਆਪਣੇ ਨਾਲ ਲਿਆਓ।

ਬੱਚਿਆਂ ਨੂੰ ਸਟ੍ਰੈਸ ਟੈਸਟ ਵਾਲੀ ਲੈਬ ਵਿੱਚ ਆਉਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਉਡੀਕ ਕਰਨ ਵਾਲੇ ਕਮਰੇ ਵਿੱਚ ਇਕੱਲਿਆਂ ਨਹੀਂ ਛੱਡਿਆ ਜਾ ਸਕਦਾ ਹੈ।

ਕਿਰਪਾ ਨੋਟ ਕਰੋ ਕਿ ਇਸ ਟੈਸਟ ਲਈ ਤੁਹਾਨੂੰ ਆਪਣਾ ਮੌਜੂਦਾ ਅਲਬਰਟਾ ਹੈਲਥ ਕੇਅਰ ਕਾਰਡ ਅਤੇ ਸਰਕਾਰ ਦੁਆਰਾ ਜਾਰੀ ਕੀਤੀ ਗਈ ਫੋਟੋ ਆਈਡੀ ਦਿਖਾਣੀ ਜਰੂਰੀ ਹੈ। ਘੱਟੋ-ਘੱਟ 24 ਘੰਟੇ ਪਹਿਲਾਂ 403-571-8640 ਤੇ ਕਾਲ ਕਰੋ ਜੇ ਤੁਹਾਨੂੰ ਆਪਣੀ ਨਿਰਧਾਰਤ ਮੁਲਾਕਾਤ ਵਿੱਚ ਤਬਦੀਲੀ ਕਰਨ ਦੀ ਲੋੜ ਹੁੰਦੀ ਹੈ।

## ਕਸਰਤ ਸਟ੍ਰੈਸ ਟੈਸਟ ਕੀ ਹੁੰਦਾ ਹੈ?

ਤੁਹਾਡੇ ਡਾਕਟਰ ਨੇ ਤੁਹਾਡੇ ਲਈ ਕਸਰਤ ਸਟ੍ਰੈਸ ਟੈਸਟ ਦੇ ਆਦੇਸ਼ ਦਿੱਤੇ ਹਨ। ਕਸਰਤ ਸਟ੍ਰੈਸ ਟੈਸਟ ਤੁਹਾਡੇ ਦਿਲ ਦੀ ਸਥਿਤੀ ਅਤੇ ਕੰਮ ਦੇ ਦਬਾਵ / ਤਣਾ ਦੇ ਵਾਧੇ ਦੇ ਪ੍ਰਤੀ ਇਸ ਦੀ ਪ੍ਰਤੀਕਿਰਿਆ ਦਾ ਮੁਲਾਂਕਣ ਕਰਦੀ ਹੈ।

## ਟੈਸਟ ਦੇ ਦੌਰਾਨ ਕੀ ਹੁੰਦਾ ਹੈ?

ਪਹੁੰਚਣ ਤੇ ਤੁਹਾਨੂੰ ਰਜ਼ਾਮੰਦੀ ਫਾਰਮ ਨੂੰ ਪੜਨ ਦੀ ਬੇਨਤੀ ਕੀਤੀ ਜਾਵੇਗੀ।

ਲੈਬ ਵਿੱਚ ਇੱਕ ਵਾਰੀ ਤੁਸੀਂ ਟੈਸਟ ਦਾ ਸਪੱਸ਼ਟੀਕਰਨ ਪ੍ਰਾਪਤ ਕਰੋਗੇ ਅਤੇ ਤੁਹਾਨੂੰ ਸੂਚਿਤ ਰਜ਼ਾਮੰਦੀ ਦੇਣ ਤੋਂ ਪਹਿਲਾਂ ਕੋਈ ਵੀ ਸੁਆਲਾਂ ਜਾਂ ਚਿੰਤਾਵਾਂ ਬਾਰੇ ਪਤਾ ਲਗਾਉਣ ਦੇ ਯੋਗ ਕੀਤਾ ਜਾਵੇਗਾ।

ਤੁਹਾਨੂੰ ਟੈਸਟ ਲਈ ਤਿਆਰ ਕੀਤਾ ਜਾਵੇਗਾ ਤਾਂ ਕਿ ਅਸੀਂ ਪੂਰੇ ਸਟ੍ਰੈਸ ਟੈਸਟ ਦੇ ਦੌਰਾਨ ਤੁਹਾਡੀ ਈਸੀਜੀ, ਦਿਲ ਦੀ ਧੜਕਣ, ਰਿੱਦਮ ਅਤੇ ਬਲੱਡ ਪ੍ਰੈਸ਼ਰ ਦਾ ਨਿਰੀਖਣ ਕਰ ਸਕੀਏ।

ਇੱਕ ਵਾਰੀ ਜਦੋਂ ਤੁਹਾਡਾ ਟੈਸਟ ਪੂਰਾ ਹੋ ਜਾਂਦਾ ਹੈ ਤੁਹਾਡੇ ਤੇ ਇਹ ਯਕੀਨੀ ਬਣਾਉਣ ਲਈ ਕੁਝ ਸਮੇਂ ਲਈ ਨਿਗਰਾਨੀ ਰੱਖੀ ਜਾਵੇਗੀ ਕਿ ਤੁਹਾਡੀ ਹਿਰਦੇ ਦੀ ਸਥਿਤੀ ਬੇਸਲਾਈਨ ਤੇ ਵਾਪਸ ਆ ਗਈ ਹੈ।

## ਜਰੂਰੀ ਤਿਆਰੀ ਸਬੰਧੀ ਹਿਦਾਇਤਾਂ

- ਇਸ ਟੈਸਟ ਨੂੰ ਪੂਰਾ ਕਰਨ ਵਿੱਚ ਲਗਭਗ ਇੱਕ ਘੰਟੇ ਦਾ ਸਮਾਂ ਲੱਗ ਸਕਦਾ ਹੈ।

- ਆਪਣੇ ਸਟ੍ਰੈਸ ਟੈਸਟ ਤੋਂ ਘੱਟੋ-ਘੱਟ 3 ਘੰਟੇ ਪਹਿਲਾਂ ਕੁਝ ਵੀ ਖਾਓ ਜਾਂ ਪਿਓ ਨਹੀਂ। ਇਹ ਉਲਟੀ ਆਉਣ ਦੀ ਸੰਭਾਵਨਾ ਨੂੰ ਘਟਾਉਂਦਾ ਹੈ ਜੋ ਕਿ ਕੁਝ ਪੀਣ ਜਾਂ ਖਾਉਣ ਤੋਂ ਬਾਅਦ ਜੋਰਦਾਰ ਕਸਰਤ ਕਰਨ ਦੇ ਨਾਲ ਹੋ ਸਕਦੀ ਹੈ।

- ਦਵਾਈਆਂ - ਕਸਰਤ ਸਬੰਧੀ ਸਟ੍ਰੈਸ ਟੈਸਟ ਨੂੰ ਤੁਹਾਡੀਆਂ ਕੁਝ ਦਵਾਈਆਂ ਦੇ ਨਾਲ ਜਾਂ ਇਸ ਤੋਂ ਬਿਨਾਂ ਵੀ ਕੀਤਾ ਜਾ ਸਕਦਾ ਹੈ। ਆਪਣੇ ਟੈਸਟ ਦੀ ਮਿਤੀ ਤੋਂ ਪਹਿਲਾਂ ਆਪਣੇ ਡਾਕਟਰ ਦੁਆਰਾ ਤੁਹਾਨੂੰ ਦਿੱਤੀਆਂ ਖਾਸ ਹਿਦਾਇਤਾਂ ਲਈ ਪੁੱਛੋ ਅਤੇ ਇਨ੍ਹਾਂ ਦੀ ਪਾਲਣਾ ਕਰੋ।

- ਨਾਂ ਅਤੇ ਖੁਰਾਕਾਂ ਸਮੇਤ, ਆਪਣੀਆਂ ਸਾਰੀਆਂ ਦਵਾਈਆਂ ਆਪਣੇ ਨਾਲ ਲਿਆਓ।

- ਚੱਲਣ ਵਿੱਚ ਅਰਾਮਦਾਇਕ ਕੱਪੜੇ ਅਤੇ ਬੂਟ ਪਾਓ। ਅੰਡਰਵਾਯਰ ਵਾਲੀਆਂ ਬ੍ਰਾਵਾਂ ਨੂੰ ਪਾਉਣ ਤੋਂ ਪਰਹੇਜ਼ ਕਰੋ।

- ਸਰੀਰ ਤੇ ਤੇਲ ਜਾਂ ਪਾਊਡਰਾਂ ਨੂੰ ਨਾ ਲਗਾਓ। ਤੁਸੀਂ ਆਪਣੇ ਦੰਦਾਂ ਨੂੰ ਬੁਰਸ਼ ਕਰ ਸਕਦੇ ਹੋ ਅਤੇ ਡਿਓਡੋਰੇਂਟ ਲਗਾ ਸਕਦੇ ਹੋ। ਸੈਂਟ, ਖੁਸ਼ਬੋ, ਆਫਟਰ-ਸ਼ੇਵ ਜਾਂ ਕਾਫੀ ਜ਼ਿਆਦਾ ਖੁਸ਼ਬੋ ਵਾਲੇ ਲੋਸ਼ਨਾਂ ਤੋਂ ਪਰਹੇਜ਼ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਕੁਝ ਵਿਅਕਤੀ ਖੁਸ਼ਬੋਆਂ ਦੇ ਪ੍ਰਤੀ ਸੈਂਸਿਟਿਵ ਹੋ ਸਕਦੇ ਹਨ ਜਾਂ ਉਨ੍ਹਾਂ ਨੂੰ ਅਲਰਜੀ ਹੋ ਸਕਦੀ ਹੈ।

## ਟੈਸਟ ਦੇ ਸਿੱਟਿਆਂ ਦੀ ਚਰਚਾ:

ਕਿਰਪਾ ਕਰਕੇ ਧਿਆਨ ਦਿਓ ਕਿ ਸਿਰਫ਼ ਤੁਹਾਡੀ ਜਾਣ-ਪਛਾਣ ਦਾ ਅਤੇ/ਜਾਂ ਫੈਮਲੀ ਡਾਰਟਰ ਹੀ ਤੁਹਾਡੇ ਨਾਲ ਤੁਹਾਡੇ ਟੈਸਟ ਦੇ ਸਿੱਟਿਆਂ ਦੀ ਚਰਚਾ ਕਰ ਸਕਦਾ ਹੈ।